# ਮੋਹਨ ਸਿੰਘ ਦੀ ਪ੍ਰਗਤੀਵਾਦੀ ਵਿਚਾਰਧਾਰਾ



# ਪ੍ਰਗਤੀਵਾਦ

- ਪ੍ਰਗਤੀਵਾਦ ਇੱਕ ਅਜਿਹਾ ਫਲਸਫਾ ਹੈ ਜਿਸ ਦਾ ਦਾਰਸ਼ਨੀਕ ਆਧਾਰ ਕਾਰਲ ਮਾਕਸ ਦਾ ਦਵੰਦਾਤਮਕ ਭੌਤਿਕਵਾਦ ਹੈ। ਮਾਕਸਵਾਦ ਇਸ ਸੰਸਾਰ ਨੂੰ ਦੋ ਸ਼੍ਰੇਣੀਆ ਵਿੱਚ ਵੰਡਦਾ ਹੈ। ਪਹਿਲਾ ਹੈ ਸ਼ੋਸ਼ਕ ਤੇ ਦੂਜਾ ਸ਼ੋਸ਼ਤ ਹੈ। ਪ੍ਰਗਤੀਵਾਦ ਦਾ ਖਮੀਰ ਮਾਕਸਵਾਦ ਵਿਚ ਮੋਜੂਦ ਹੈ। ਪ੍ਰਗਤੀਵਾਦ ਦਾ ਜਨਮ ਮਾਰਕਸਵਾਦ ਜਾ ਸਮਾਜਵਾਦ ਵਿਚੋ ਹੋਇਆ ਹੈ।

# ਪ੍ਰੋ. ਮੋਹਨ ਸਿੰਘ ਪ੍ਰਗਤੀਵਾਦੀ ਕਵੀ ਦੇ ਤੌਰ ਤੇ

ਪ੍ਰੋ. ਮੋਹਨ ਸਿੰਘ ਪੰਜਾਬੀ ਦੀ ਨਵੀਨ ਕਵਿਤਾ ਦਾ ਮੋਢੀ ਹੈ। ਮੋਹਨ ਸਿੰਘ ਦਾ ਪ੍ਰਗਤੀਵਾਦ ਸੱਤਈ ਕਿਸਮ ਦਾ ਹੈ। ਉਹ ਮੂਲ ਰੂਪ ਵਿੱਚ ਰੁਮਾਂਸਵਾਦੀ ਹੈ। 1940 ਦੇ ਲਗਪਗ ਪ੍ਰਗਤੀਵਾਦੀ ਚੇਤਨਾ ਮੋਹਨ ਸਿੰਘ ਦੀ ਕਵਿਤਾ ਵਿਚ ਆਉਣ ਲੱਗ ਪਿਆ। ਮੋਹਨ ਸਿੰਘ ਨੇ ਤੱਤਕਾਲੀਨ ਸਮਾਜਿਕ ਅਵਸਥਾ ਦੇ ਯਥਾਰਥ ਨੂੰ ਇਕ ਵਿਦਰੋਹ ਦੇ ਰੂਪ ਵਿੱਚ ਚਿਤਰਿਆ ਹੈ ਜੋ ਉਸਦੀ ਕਵਿਤਾ ਦਾ ਪ੍ਰਗਤੀਵਾਦੀ ਅੰਸ਼ ਹੈ।

# ਮੋਹਨ ਸਿੰਘ ਦੀ ਪ੍ਰਗਤੀਵਾਦੀ ਵਿਚਾਰਧਾਰਾ

ਆਧੁਨਿਕ ਪੰਜਾਬੀ ਕਵੀਆ ਵਿਚ ਮੋਹਨ ਸਿੰਘ ਇਕ  ਅਜਿਹਾ ਕਵੀ ਹੈ , ਜਿਹੜਾ ਸੁਮਕਾਲਿ ਜੀਵਨ ਤੇ ਸਮਾਜਿਕ ਸਮਾਜ ਦਾ ਸੁਦਾ ਹਾਣੀ ਰਿਹਾ ਹੈ । ਇਸਦੀ ਕਾਵਿ ਚੇਤਨਾ  ਇੰਨੀ ਜਾਗ੍ਰਿਤ ਹੈ ਕਿ ਹਰ ਲਹਿਰ ਨੇ ਇਸ ਨੂੰ ਪ੍ਰਭਾਵਿਤ ਕੀਤਾ ਹੈ ।  ਪਰ ਪ੍ਰਗਤੀਵਾਦੀ ਵਿਚਾਰਾ ਦੀ ਜਿੰਨੀ ਪ੍ਰੋੜਤਾ ਮੋਹਨ ਸਿੰਘ ਨੇ ਕੀਤੀ , ਉਸ ਨੂੰ ਹੋਰ ਕੋਈ ਪੰਜਾਬੀ ਕਵੀ ਨਹੀ ਕਰ ਸਕਿਆ । ਇਹੋ ਕਾਰਨ ਹੈ ਕਿ ਮੋਹਨ ਸਿੰਘ ਦੀ ਸਾਰੀ ਕਵਿਤਾ ਪ੍ਰਗਤੀਸ਼ੀਲ ਅਭਿਵਿਅਕਤੀ ਹੈ ।

# ਵਿਦਵਾਨਾ ਦੇ ਵੱਖ-ਵੱਖ ਵਿਚਾਰ

**ਡਾਂ, ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ –**

ਪ੍ਰਗਤੀਵਾਦ ਦਾ ਮੂਲ ਰਾਮ ਹੈ । ਇਹ ਸੰਸਕ੍ਰਿਤੀ ਦਾ ਸ਼ਬਦ ਹੈ । ਇਸ ਦੇ ਅਰਥ ਹਨ - ਅੱਗੇ ਵਧਣਾ, ਕਿਰਿਆਸ਼ੀਲ ਹੋਣਾ।

**ਡਾਂ, ਕੇਸਰ ਸਿੰਘ ਕੇਸਰ ਅਨੁਸਾਰ –**

ਪ੍ਰਗਤੀਵਾਦ ਇਕ ਵਿਚਾਰਧਾਰਾ ਹੈ ਤੇ ਇਸ ਦਾ ਮੂਲ ਆਧਾਰ ਮਾਰਕਸਵਾਦ ਹੈ।

# ਡਾਂ. ਹਰਜਿੰਦਰ ਸਿੰਘ ਅਨੁਸਾਰ-

ਪ੍ਰੋ.ਮੋਹਨ ਸਿੰਘ ਦੀ ਮਹਾਨਤਾ ਪ੍ਰਗਤੀਵਾਦੀ ਵਿਚਾਰਾ ਨੂੰ ਪੰਜਾਬੀ ਕਾਵਿ ਸਾਹਿਤ ਕਰਕੇ ਹੀ ਹੈ।



# ਮੋਹਨ ਸਿੰਘ ਦੀ ਕਵਿਤਾ ਵਿਚ ਪ੍ਰਗਤੀਵਾਦੀ ਅੰਸ਼

- ਨਿਜ ਦੀ ਥਾਂ ਪਰ ਨੂੰ ਤਰਜੀਹ
- ਰੁਮਾਂਸ ਦੀ ਥਾਂ ਯਥਾਰਥ ਦੀ ਪੇਸ਼ਕਾਰੀ
- ਕਰਮ ਕਾਂਡ ਦਾ ਵਿਰੋਧ
- ਸ਼੍ਰੇਣੀ ਸੰਘਰਸ਼ ਪ੍ਰਤੀ ਚੇਤਨਾ
- ਦਵੰਦਆਤਮਿਕ ਸਮਾਜਵਾਦ
- ਵਿਦਰੋਹ ਦੀ ਭਾਵਨਾ
- ਇਸਤਰੀ ਦੀ ਬਰਾਬਰੀ
- ਭਾਵ ਨਾਲੋਂ ਬੁਧੀ ਨੂੰ ਤਰਜੀਹ
- ਸ਼੍ਰੇਣੀ ਰਹਿਤ ਸਮਾਜ ਦੀ ਇੱਸ਼ਾ
- ਕਲਪਨਾ ਦਾ ਤਿਆਗ
- ਭਵਿੱਖ ਦਾ ਸੁਨਿਹਰੀ ਸੁਪਨਾ
- ਏਕਤਾ ਦਾ ਸੰਦੇਸ਼
- ਸਮਾਜਿਕ ਯਥਾਰਥ
- ਹਥਿਆਰਬੰਦ ਸੰਘਰਸ਼
- ਸਾਮਰਾਜ ਦਾ ਵਿਰੋਧ
- ਅੰਤਰ ਰਾਸ਼ਟਰੀ ਭਾਵਨਾ
- ਆਸ਼ਾਵਾਦੀ ਦ੍ਰਿਸ਼ਟੀਕੋਣ
- ਵਿਅਕਤੀ ਦੀ ਥਾਂ ਸਮਾਜ ਤੇ ਜੋਰ
- ਵਿਸ਼ਵ ਅਮਨ
- ਕ੍ਰਾਤੀ

**1.ਨਿਜ ਦੀ ਥਾਂ ਪਰ ਨੂੰ ਤਰਜੀਹ**

ਪਰ ਹੁਣ ਜੁਲਫਾਂ ਦੀ ਛਾਂਥੱਲੇ,
ਪਿਆਰੀ ਨੀਂਦਰ ਆਦੀ ਨਾ,
ਨਿੱਜੀ ਪਿਆਰ ਦੇ ਠੇਕੇ ਉਤੇ,
ਰੂਹ ਮੇਰੀ ਨਸ਼ਿਆਦੀ ਨਾ।

**2.ਰੁਮਾਂਸ ਦੀ ਥਾਂ ਯਥਾਰਥ ਦੀ ਪੇਸ਼ਕਾਰੀ**

ਕੀ ਉਹ ਹੁਸਨ ਹੈ ਸੱਚ ਮੁੱਚ,
ਯਾ ਉਜੇ ਹੀ ਛਲਦਾ ਹੈ,
ਲੱਖ ਗਰੀਬਾ ਮਜਬੂਰਾ ਦੇ,
ਹੰਝੂਆ ਤੇ ਜੋ ਪਲਦਾ?

ਲੋਪ ਹੋ ਗਈ ਚੰਨ ਦੀ ਦਾਤੀ
ਵਾਢੀ ਕਰਕੇ ਨ੍ਹੇਰੇ ਦੀ।
ਪੂਰਬ ਦੀ ਨਿਰਮਲ ਨੈਂ ਉਤੇ,
ਕੇਸਰ-ਤੁਰੀਆਂ ਤਰੀਆ ਨੇ।

# 3.ਕਰਮ ਕਾਂਡ ਦਾ ਵਿਰੋਧ

ਆਖਿਆ ਸਾਨੂੰ ਰੂਮ ਦੇ ਵੱਡੇ ਮੋਲਾਣੇ,
ਅਸਲੋ ਗੁੰਗੇ, ਅੰਨ੍ਹੇ ਤੇ ਬੋਲੇ ਹੋ ਜਾਉ,
ਏਥੇ ਦੋਜ਼ਖ਼ ਕਟ ਲਉ ਫ਼ਰਮਾਇਆ,
ਅੱਗੇ ਮੋਜ ਬਹਾਰ ਲੱਖ ਝੋਲੀ ਵਿਚ ਪਾਉ।

ਖੋਪਰੀਆ ਦੇ ਥੜ੍ਹੇ ਚਿਣੀਂਏ,
ਉਤੇ ਲੋਕ ਨਮਾਜਾ ਪੜ੍ਹੀਦੇ,
ਲੱਖ ਨਫਰ ਜਾਗਦੇ ਜੀਂਦੇ,
ਬਾਦਸ਼ਾ ਦੇ ਸੰਗ ਦਨਫਨੀਦੇ

# 4.ਸ਼੍ਰੇਣੀ ਸੰਘਰਸ਼ ਪੂਤੀ ਚੇਤਨਾ

ਛਾਲੇ ਛਾਲੇ ਹੱਥ ਉਹਨਾਂ ਦੇ,
ਪੇਰ ਬਿਆਈਆਂ-ਪਾਟੇ।
ਫਿਰ ਵੀ ਕੰਮ ਕਰਾਵਣ ਵਾਲੇ.
ਮਾਰ ਮਾਰ ਫਾਟਾ,
ਮਾਸੂਮਾ ਦੇ ਪਿੰਡਿਆਉਤੇ...।

ਦੋ ਟੋਟਿਆ ਵੀਚ ਭੋ ਟੂਟੀ.
ਇਕ ਮਹਿਲਾ ਦਾ ਇਕ ਢੋਕਾ ਦਾ,
ਦੋ ਧੜਿਆ ਵਿਚ ਖਲਕਤ ਵੰਡੀ ,
ਇੱਕ ਲਾ ਇੱਕ ਜੋਕਾ ਦਾ।

# 5.ਦਵੰਦਆਤਮਿਕ ਸਮਾਜਵਾਦ

ਸੋਚ ਖੜੀ ਅਧਵਾਟੇ,
ਦਿਲ ਖੜਾ ਅਧਵਾਟੇ,
ਧਰਮ ਖੜਾ ਅਧਵਾਟੇ,
ਅਧਰਮ ਖੜਾ ਅਧਵਾਟੇ,
ਕੀ ਹੋਇਆ ਜੇ ਪਿਆਰ ਮੇਰਾ ਅਧਵਾਟੇ।

ਖੰਭ ਮੇਰੇ ਹੁਣ ਖੋਲ ਪਿਆਰੀ,
ਸਦ ਪਈ ਮੈਨੂੰ ਆਵੇ।
ਚੋੜੇ ਗਗਨਾਂ ਦੇ ਵਿਚ ਉਡਮਾ,
ਰੂਹ ਮੇਰੀ ਹੁਣ ਚਾਹਵੇ।

# 6.ਕਲਪਨਾ ਦਾ ਤਿਆਗ

ਵਰਤਮਾਨ ਗਲ ਪਾਉ ਨਾ ਬੀਤੇ ਦੇ ਲੀੜੇ,
ਅੱਜ ਲਈ ਇਹ ਸਾਥੀਉ ਸੋੜੇ ਤੇ ਥੋੜੇ।
ਬਾਲਪਨ ਚੋ ਨਿਕਲ ਕੇ ਜੱਦ ਚੜੇ ਜਵਾਨੀ,
ਸੁੱਟਣੇ ਪੈਂਦੇ ਨੁੱਕਤੇ ਬਚਗਾਨੇ ਜੋੜੇ।

ਈਕ ਵੇਰਾ ਜੇ ਰਲ ਕੇ ਹਿੰਦੀਉ,
ਨੱਚ ਪਉ ਏਦਾ ਨਾਲ ਵਲੇ।
ਕਿਉ ਨਾ ਹੋਣ ਫਿਰ ਸੱਚੇ ਤੁਗਾਡੇ,
ਸੁਪਨੇ ਅਤੇ ਖਿਆਲ ਵਲੇ।

**7.ਸ਼੍ਰੇਣੀ ਰਹਿਤ ਸਮਾਜ ਦੀ ਇੱਛਾ**

ਬਣ ਜਾਵੇ ਦੁਨੀਆ ਇਕ
ਟੱਬਰ,
ਗਾਵਣ ਭੈਣਾ ਵੀਰ.
ਜੈ ਮੀਰ।
ਜੈ ਮੀਰ।

ਮਾਨਵਤਾ ਦੀ
ਅਦਭੁਤ ਫੁਲਕਾਹੀ,
ਹੋਇ ਨਾ ਲੀਰ,
ਜੈ ਮੀਰ।

**8.ਭਾਵ ਨਾਲੋ ਬੁਧੀ ਨੂੰ ਤਰਜੀਹ**

ਵੱਜਾ ਚਾਨਣ ਦਾ ਗੁਰਜ,
ਢਠੇ ਨੇਿਭਆ ਦੇ ਬੁਰਜ,
ਭੱਜੇ ਭੇਿਰਆ ਦੇ ਿਭੱਤ,
ਹੋਈ ਚੇਤਨਾ ਦੀ ਜਿੱਤ।

## 10.ਵਿਦਰੋਹ ਦੀ ਭਾਵਨਾ

ਦਾਤੀਆ,ਕਲਮਾਂ ਅਤੇ ਹਥੋੜੇ,
ਕੱਠੇ ਕਰ ਲੋ ਸੰਦ ਓ ਯਾਰ,
ਤਰਾੜੀ ਇਕ ਤ੍ਰਿਸੂਲ ਬਣਾਏ,
ਯੁੱਦ ਕਰੋ ਪ੍ਰਚੰਡ ਓ ਯਾਰ।
ਜੈ ਜੈ ਕਾਰ ਕਿਰਤੀ ਦੀ ਹੋਵੇ,
ਲਗੋ ਜੁਲਮ ਦੀ ਕੰਡ ਓ ਯਾਰ।

## 9.ਇਸਤਰੀ ਦੀ ਬਰਾਬਰੀ

ਬੂਹੇ ਵਿਚ ਚੁੱਪ ਖੜੀ ਸੀ ਜਾਇਦਾਦ,
ਚਿੱਟੀ ਸੰਗਮਰਮਰ ਦੀ ਥੰਮ ਵਾਂਗਰਾ,
ਸੀਨੇ ਜਿਉ ਹਿਮ-ਬੁੱਧ ਹੋਏ ਪੰਥ ਨੂੰ,
ਅੱਖੀ ਜਿਉ ਸੈਲ ਪੱਥਰ ਜਰਾਣੂੰ।

11.ਭਵਿੱਖ ਦਾ ਸੁਨਿਹਰੀ ਸੁਪਨਾ

ਪੱਤਝੜ ਦੇ ਪੀਲੇ ਪਤਰਾਂ ਤੇ,
ਮੁਸਕਾਨ ਨਵੀ ਮੈ ਤੱਕਦਾ ਹਾਂ।
ਮਜਦੂਰਾ ਦੇ ਰੋਸ਼ਨ ਪੱਖ ਤੇ,
ਇਹ ਸ਼ਾਨ ਨਵੀ ਮੈ ਤੱਕਦਾ ਹਾਂ।

ਅਸਮਾਨ ਤੇ ਨਾ ਹੋਏਗੀ,
ਅੱਗੋ ਰਿਜ਼ਕ ਦੀ ਵੰਡ,
ਮਜਦੂਰਾ ਹੱਥੀ ਲ ਗਿਆ,
ਕਿੱਤਾ ਬਿਰਾਤ ਦਾ....।

12.ਏਕਤਾ ਦਾ ਸੰਦੇਸ਼

ਤਦ ਕਿਰਤ ਤੇ ਕਿਸਾਨ ਉਠੇ,
ਕਾਲੀ ਤੇ ਬੋਲੀ ਰਾਤ ਮੁੱਕੀ,
ਗੱਲ ਗਈ ਮਨੀਜੀ ਲੋਕਾ ਦੀ,
ਤੇ ਸਾਮਰਾਜ ਦੀ ਬਾਤ ਮੁਕੀ।

## 13.ਸਮਾਜਿਕ ਯਥਾਰਥ

ਹੜ੍ਹ ਮਜ਼ਦੂਰਨੀਆਂ ਦਾ ਵਗਿਆ,
ਨਾਲ ਮਜ਼ਦੂਰ ਹਜ਼ਰਾ,
ਚੱਕੀ ਕਹਆਂ, ਦੁਰਮਟ,ਤੇਸੇ,
ਬੱਝੇ ਵਿੱਚ ਵਗਾਰਾਂ।

## 14.ਵਿਸ਼ਵ ਅਮਨ

ਜਾਗ ਜਗਾ ਦਿਉ ਅਮਨ
ਹੋ ਨਾ ਜਾਏ ਅਖੀਰ
ਜੈ ਮੀਰ।
ਸਾਮਰਾਜ ਯਮਰਾਜ ਵਿਚਾਲ
ਰਹੀ ਨਾ ਕੋਈ ਲਕੀਰ
ਜੈ ਮੀਰ।

## 15.ਹਥਿਆਰਬੰਦ ਸੰਘਰਸ਼

ਦਾਤਆਂ ਕਲਮਾਂ ਅਤੇ ਹਥੋੜੇ,
ਕੱਠੇ ਕਰ ਲੋ ਓ ਯਾਰ।
ਤਗੜੀ ਇਕ ਤ੍ਰੈਸ਼ੂਲ ਬਣਾਉ,
ਯੁੱਧ ਕਰੋ ਪਰਚੰਡ ਓ ਯਾਰ।

ਉਠੋ ਜਗਾ ਦਿਉ ਅਮਨ-ਪਸੰਦੋ,
ਪਹੁੰਚੋ ਘੱਤ ਵਹੀਰ
ਜੈ ਮੀਰ।
ਮੁੜ ਕੇ ਬਣ ਜਾਵੇ ਇਹ ਦੁਨੀਆ,
ਸੁਰਗਾਂ ਦੀ ਤਸਵੀਰ
ਜੈ ਮੀਰ।

## 16.ਸਾਮਰਾਜ ਦਾ ਵਿਰੋਧ

ਨਾ ਮੈ ਵੇਚਾ ਸੋਨੇ  ਸੁਫਨੇ
ਨਾ ਮੋਤੀਆ ਦੇ ਥਾਲ
ਵੇਚਾ ਮੈ ਸੋਹਣਿਆ ਆਜਾਦੀ ਦੇ ਸੁਫਨੇ
ਹੋਵੇ ਜੇ ਲੈਣ ਦੇ ਖਿਆਲ।

ਜਿੱਥੇ ਕੈਦ ਖਾਨਿਆ ਜੇਹਲਾ
ਮੀਲਾ ਤੱਕ ਵਲਗਣ ਵਾਲੀਆ
ਜਿੱਥੇ ਮਜਹਬ ਦੇ ਨਾ ਥੱਲੇ
ਦਰਿਆ ਕਈ ਖੂਨ ਦੇ ਚੱਲੇ.....।

## 17.ਵਿਆਕਤੀ ਦੀ ਥਾ ਸਮਾਜ ਤੇ ਜੋਰ

ਗਾ ਗਾ ਇਸ਼ਕ ਹੁਸਨ ਦੇ ਸੋਹਲੇ,
ਗਈ ਜੁਆਨੀ ਹੰਢਾ ਓ ਯਾਰ।
ਏਸ ਵਿਸ਼ਾਲ ਚੋਗਿਰਦੇ ਵਿਚ,
ਪਿਆਰ ਨਾ ਪਾਂਦਾ ਠੰਢ ਓ ਯਾਰ।

ਕਰ ਕਿਰਸਾਣੀ ਹਾਲੀ ਮਰ ਗਏ,
ਜਿਥੇ ਢਿੱਡ ਵੜਿਆ ਵਿਚ ਕੰਡ ਓ ਯਾਰ।

## 18.ਆਸ਼ਾਵਾਦੀ ਦ੍ਰਿਸ਼ਟਿਕੋਣ

ਤਰਸ ਭਰੇ ਲਹਿਜੇ ਵਿਚ ਜੀਵੇ ਬੋਲਨਾ
ਤੱਕ ਤੱਕ ਮੇਰੀ ਬੇਹਾਲੀ ਹੰਝੂ ਡੋਲ੍ਹ ਨਾ
ਮੇਰੇ ਤ੍ਰੀਮਤਪਨ ਨੂੰ ਘੱਟੇ ਰੋਲ ਨਾ।

ਇਕ ਵੇਰਾ ਜੇ ਰਲ ਕੇ ਹਿੰਦੀਓ,
ਨੱਚ ਪਉ ਏਦਾ ਨਾਲ ਵੇਲ।
ਕਿਉ ਨਾ ਹੋਣ ਫਿਰ ਸੱਚੇ
ਤੁਹਾਡੇ,ਸੁਪਨੇ ਅਤੇ ਖਿਆਲ
ਵਲੇ।

19.ਅੰਤਰ ਰਾਸ਼ਟਰੀ ਭਾਵਨਾ

ਥਾਂ ਦੀ ਫੈਲ, ਸਮੇ ਦੀ ਦੂਰੀ
ਛਾਲੇ ਵੱਧ ਰਹੇ ਬੁਧ ਬਲ ਅੱਗੇ
ਪਲ ਪਲ ਘਟਦਿ ਜਾਵੇ।
ਪੇਰੂ ਤੋ ਲੈ ਕੇ ਪਸ਼ਾਵਰ
ਰਾਮ ਉਮੀਦੋ ਬੇਰੰਗ ਤੀਕਰ
ਦੇਸ ਦੀਪ ਸੁੰਗੜੀਦੇ।

20.ਕ੍ਰਾਤੀ

ਚਿੱਟੇ ਚਾਨਣ ਦਾ ਦੱਧ ਡੁੱਲਿਆ
ਤੇ ਮਟਕੀ ਭੱਜੀ ਹਨੇਰੇ ਦਾ
ਛੱਡ ਰਾਤਾ ਦੀਆ ਹਕਾਇਤਾ ਨੂੰ
ਕੋਈ ਗੱਲ ਕਰ ਨਵੇ ਸਵੇਰੇ ਦੀ।

## ਡਾਂ. ਪ੍ਰੇਮ ਪ੍ਰਕਾਸ਼ ਲਿਖਦੇ ਹਨ –

ਮੋਹਨ ਸਿੰਘ ਇੱਕ ਯੁੱਗੀ ਕਵੀ ਹੈ.....
ਮੋਹਨ ਸਿੰਘ ਨੇ ਹਰ ਯੁੱਗ ਨੂੰ ਕਥਿਆ
ਤੇ ਹਰ ਯੁੱਗ ਨੇ ਮੋਹਨ ਨੂੰ ।

ਅਖੀਰ ਅਸੀ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦੇ ਕਹਿ ਸਕਦੇ ਹਾਂ ਕਿ ਮੋਹਨ ਸਿੰਘ ਪ੍ਰਸਥਿਤੀਆ ਦਾ ਸ਼ਾਇਰ ਹੈ । ਉਸ ਦੀ ਵਿਚਾਰਧਾਰਾ ਪ੍ਰਗਤੀਵਾਦੀ ਹੈ ।